ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਪੰਜਾਬ
ਐਸ.ਸੀ.ਓ.ਨੰ: 104-106, ਦੂਜੀ, ਤੀਜੀ ਮੰਜਿਲ, ਸੈਕਟਰ-34 ਏ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ ਰਾਜ।

ਮੀਮੋ ਨੰ: ਐਮ.ਡੀ.ਐਮ.ਸੀ/ਜੀ.ਐਮ/ 2078-97
ਮਿਤੀ,ਚੰਡੀਗੜ੍ਹ: 27/7/2012

ਵਿਸ਼ਾ: ਮਿਡ-ਡੇ-ਮੀਲ ਸਕੀਮ ਤਹਿਤ ਸਕੂਲੀ ਬੱਚਿਆਂ ਲਈ ਬਰਤਨਾਂ ਦੀ ਖਰੀਦ ਕਰਨ ਸਬੰਧੀ ।

1.0 ਉਪਰੋਕਤ ਵਿਸ਼ੇ ਦੇ ਆਪ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ: ਐਮ.ਡੀ.ਐਮ.ਸੀ/ਜੀ.ਐਮ/2012/1987-2006 ਮਿਤੀ 24.7.2012 ਵੱਲ ਦਿਵਾਇਆ ਜਾਂਦਾ ਹੈ। ਇਸ ਦਫਤਰ ਦੇ ਧਿਆਨ ਵਿੱਚ ਸਕੂਲਾਂ ਦੇ ਕਈ ਮੁੱਖੀਆਂ ਵਲੋਂ ਲਿਆਂਦਾ ਗਿਆ ਹੈ ਕਿ ਆਮ ਤੌਰ ਤੇ ਮਿਡ-ਡੇ-ਮੀਲ ਸਕੀਮ ਅਧੀਨ ਸਕੂਲਾਂ ਪਾਸ ਪਾਣੀ ਪੀਣ ਲਈ ਗਿਲਾਸ ਵਗੈਰਾ ਦੇ ਸਾਧਨ ਪਹਿਲਾਂ ਹੀ ਮੌਜੂਦ ਹਨ, ਇਸ ਲਈ ਉਹਨਾਂ ਵਲੋਂ ਇਹ ਚਾਹਿਆ ਗਿਆ ਹੈ ਕਿ ਬਰਤਨਾਂ ਦੀ ਖਰੀਦ ਦੇ ਅਧੀਨ ਕੇਵਲ ਥਾਲੀਆਂ ਅਤੇ ਚਮਚੇ ਦੀ ਖਰੀਦ ਨੂੰ ਪਹਿਲ ਦੇਣ ਸਬੰਧੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਕਿ ਸਰਕਾਰ ਵਲੋਂ ਦਿੱਤੀ ਗਈ ਰਾਸ਼ੀ ਨਾਲ ਅੱਛੀ ਕੁਆਲਟੀ ਦੀ ਥਾਲੀਆਂ ਅਤੇ ਚਮਚੇ ਖਰੀਦੇ ਜਾ ਸਕਣ। ਜੋ ਕਿ ਉਕਤ ਦੱਸੇ ਪੱਤਰ ਵਿੱਚ ਦੱਸੀਆਂ ਗਈਆਂ ਹਨ।

2.0 ਉਕਤ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਵਿਸ਼ੇ ਵਿੱਚ ਦਰਜ ਪੱਤਰ ਰਾਹੀਂ ਆਪ ਜੀ ਨੂੰ ਭੇਜੀ ਗਈ ਰਾਸ਼ੀ ਨਾਲ ਸਕੂਲਾਂ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਰਾਹੀਂ ਥਾਲੀਆਂ ਤੇ ਚਮਚੇ ਖਰੀਦ ਲਏ ਜਾਣ ਅਤੇ ਜੇਕਰ ਸਕੂਲਾਂ ਦੇ ਪੱਧਰ ਤੇ ਕਿਸੇ ਸਕੂਲ ਵਿਚ ਗਿਲਾਸਾਂ ਨੂੰ ਖਰੀਦਣ ਦੀ ਲੋੜ ਮਹਿਸੂਸ ਹੋਵੇ ਤਾਂ ਉਹ ਲੋਕਲ ਪੱਧਰ ਤੇ ਇਸ ਸਬੰਧੀ ਇੰਤਜਾਮ ਕਰ ਲਏ ਜਾਣ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮਿਡ-ਡੇ-ਮੀਲ ਸਕੀਮ ਅਧੀਨ ਸਕੂਲਾਂ ਵਿੱਚ ਮੌਜੂਦਾ ਲਾਭਪਾਤਰੀ ਬੱਚਿਆਂ ਦੀ ਗਿਣਤੀ ਦੇ ਅਨੁਸਾਰ ਹੀ ਬਰਤਨਾਂ ਦੀ ਖਰੀਦ ਕਰ ਲਈ ਜਾਵੇ।

ਡੀ.ਜੀ.ਐਸ.ਈ